## ਦਫਤਰ ਜਿਲ੍ਹਾ ਮੈਜਿਸਟਰੇਟ ਬਠਿੰਡਾ

### ਹੁਕਮ ਅਧੀਨ ਧਾਰਾ 144 ਜਾਬਤਾ ਫੋਜਦਾਰੀ ਸੰਘਤਾ 1973

ਮਾਨਯੋਗ ਸੁਪਰੀਮ ਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ 728 ਆਫ 2015 ਵਿਚ ਮਿਤੀ 23.10.2018 ਨੂੰ ਹੋਏ ਹੁਕਮਾਂ ਅਨੁਸਾਰ ਦੀਵਾਲੀ ਅਤੇ ਗੁਰਪੁਰਬ ਵਾਲੇ ਦਿਨਾਂ ਵਿੱਚ ਪਟਾਕੇ ਚਲਾਉਣ ਸਬੰਧੀ ਹੇਠ ਅਨੁਸਾਰ ਸਮਾਂ ਨਿਰਧਾਰਤ ਕੀਤਾ ਹੈ :-

| ਲੜੀ ਨੰ: | ਤਿਉਹਾਰ | ਪਟਾਕੇ ਚਲਾਉਣ ਦਾ ਸਮਾਂ |
|---|---|---|
| 1 | ਦਿਵਾਲੀ | ਰਾਤ 8:00ਵਜੇ ਤੋਂ ਰਾਤ 10:00ਵਜੇ ਤੱਕ |
| 2 | ਗੁਰਪੁਰਬ | ਰਾਤ 8:00ਵਜੇ ਤੋਂ ਰਾਤ 10:00ਵਜੇ ਤੱਕ |

ਇਸ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਮਾਨਯੋਗ ਅਦਾਲਤ ਦੇ ਅਗਲੇ ਹੁਕਮਾਂ ਅਨੁਸਾਰ ਕੋਈ ਪਟਾਕਾ ਨਹੀਂ ਚਲਾਇਆ ਜਾਵੇਗਾ।

ਇਸ ਲਈ ਮੈਂ, ਸੁਖਪ੍ਰੀਤ ਸਿੰਘ ਸਿੱਧੂ, ਪੀ.ਸੀ.ਐਸ., ਵਧੀਕ ਜਿਲ੍ਹਾ ਮੈਜਿਸਟਰੇਟ, ਬਠਿੰਡਾ ਜਾਬਤਾ ਫੋਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਅਤੇ ਮਾਨਯੋਗ ਸੁਪਰੀਮ ਕੋਰਟ ਵੱਲੋਂ ਕੀਤੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਜ਼ਾਰੀ ਕਰਦਾ ਹਾਂ ਕਿ ਜਿਲ੍ਹਾ ਬਠਿੰਡਾ ਵਿੱਚ ਦੀਵਾਲੀ ਅਤੇ ਗੁਰਪੁਰਬ ਦੇ ਮੌਕੇ ਤੇ ਰਾਤ 8:00 ਵਜੇ ਤੋਂ ਰਾਤ 10:00 ਵਜੇ ਤੱਕ ਆਮ ਪਬਲਿਕ ਪਟਾਕੇ ਚਲਾ ਸਕਦੀ ਹੈ ਅਤੇ ਇਸਤੋਂ ਇਲਾਵਾ ਹੋਰ ਕਿਸੇ ਵੀ ਸਮੇਂ ਜਾਂ ਕਿਸੇ ਹੋਰ ਦਿਨ ਪਟਾਕੇ ਚਲਾਉਣ ਤੇ ਮਾਨਯੋਗ ਅਦਾਲਤ ਵਿੱਚ ਅਗਲੀ ਸੁਣਵਾਈ ਤੱਕ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ।

ਇਸ ਤੋਂ ਇਲਾਵਾ ਸ਼੍ਰੀ ਗੁਰੂ ਗੋਬਿੰਦ ਸਿੰਘ ਰਿਫਾਇਨਰੀ (ਤੇਲ ਸੋਧਕ ਕਾਰਖਾਨਾ) ਫੂੱਲੋਖਾਰੀ ਦੇ ਨਜ਼ਦੀਕ ਪੈਂਦੇ ਪਿੰਡਾਂ (ਫੂੱਲੋਖਾਰੀ, ਰਾਮਾ ਮੰਡੀ, ਰਾਮਾ ਪਿੰਡ, ਰਾਮਸਰਾ, ਗਿਆਨਾ, ਕਣਕਵਾਲ) ਵਿੱਚ ਅਤੇ ਪਿੰਡ ਫੂਸਮੰਡੀ ਵਿਖੇ ਵੱਖ-2 ਤੇਲ ਕੰਪਨੀਆਂ ਦੇ ਤੇਲ ਭੰਡਾਰ ਹੋਣ ਕਾਰਨ ਦੀਵਾਲੀ ਅਤੇ ਗੁਰਪੁਰਬ ਦੇ ਤਿਉਹਾਰ ਸਮੇਂ ਪਟਾਕੇ ਚਲਾਉਣ ਨਾਲ ਤੇਲ ਸੋਧਕ ਕਾਰਖਾਨੇ/ ਤੇਲ ਭੰਡਾਰ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਹਨਾਂ ਪਿੰਡਾਂ ਅਤੇ ਆਲੇ-ਦੁਆਲੇ ਦੇ ਏਰੀਏ ਵਿੱਚ ਪਟਾਕੇ ਚਲਾਉਣ ਤੇ ਪੂਰਨ ਤੌਰ ਤੇ ਪਾਬੰਦੀ ਲਗਾਈ ਜਾਂਦੀ ਹੈ।

ਮੌਜੂਦਾ ਹਾਲਤਾਂ ਨੂੰ ਮੁੱਖ ਰਖੱਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਦਾ ਹੈ ਅਤੇ ਆਮ ਪਬਲਿਕ ਨੂੰ ਸੰਬੋਧਿਤ ਕੀਤਾ ਜਾਦਾ ਹੈ।

ਇਹ ਹੁਕਮ ਜਾਰੀ ਕਰਨ ਲਈ ਚੌਕੀਦਾਰ ਰਾਂਹੀ ਮੁਨਾਦੀ ਕਰਵਾਈ ਜਾਵੇਗੀ। ਜ਼ਿਲ੍ਹਾ ਲੋਕ ਸੰਪਰਕ ਵਿਭਾਗ, ਬਠਿੰਡਾ ਵੱਲੋਂ ਮੀਡੀਆ ਰਾਹੀਂ ਪ੍ਰਚਾਰ ਕਰਕੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਵੇਗਾ ਅਤੇ ਸਥਾਨਕ/ਦੂਜੇ ਅਖਬਾਰਾਂ ਦੁਆਰਾ ਅਤੇ ਆਕਾਸ਼ਬਾਣੀ/ ਦੂਰਦਰਸ਼ਨ ਦੀਆਂ ਖਬਰਾ ਰਾਂਹੀ ਘੋਸ਼ਣਾ ਕਰਵਾਕੇ ਪ੍ਰਚਾਰ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਦਫਤਰ ਜਿਲ੍ਹਾ ਮੈਜਿਸਟਰੇਟ, ਜਿਲ੍ਹੇ ਦੇ ਉਪ ਮੰਡਲ ਮੈਜਿਸਟਰੇਟ, ਤਹਿਸੀਲਦਾਰਾਂ, ਬਲਾਕਾਂ, ਵਿਕਾਸ ਅਤੇ ਪੰਚਾਇਤ ਅਫਸਰਾਂ, ਮਾਰਕਿਟ ਕਮੇਟੀਆਂ, ਪੁਲਿਸ ਸਟੇਸ਼ਨਾ ਅਤੇ ਨਗਰ ਪਾਲਕਾਵਾਂ ਦੇ ਨੋਟਿਸ ਬੋਰਡਾਂ ਅਤੇ ਜ਼ਿਲ੍ਹਾ ਬਠਿੰਡਾ ਦੀਆਂ ਉਘੀਆਂ ਥਾਵਾਂ ਤੇ ਆਮ ਪਬਲਿਕ ਦੀ ਜਾਣਕਾਰੀ ਲਈ ਲਗਾਈਆਂ ਜਾਣਗੀਆਂ।

1. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)/(ਐਲੀਮੈਂਟਰੀ) ਬਠਿੰਡਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਸ ਜਿਲ੍ਹੇ ਦੇ ਸਾਰੇ ਸਕੂਲਾਂ ਦੇ ਅੰਦਰ ਪ੍ਰਾਥਨਾ ਸਭਾ ਸਮੇਂ ਉਕਤ ਮਾਨਯੋਗ ਹਾਈਕੋਰਟ ਦੇ ਹੁਕਮਾਂ ਪ੍ਰਤੀ ਸਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਗੇ ਅਤੇ ਇਸ ਸਬੰਧੀ ਸਕੂਲਾਂ ਦੀ ਡਿਸਪਲੇ ਬੋਰਡ ਤੇ ਵੀ ਇਸ ਸਬੰਧੀ ਨੋਟਿਸ ਲਗਾਉਣਗੇ।
2. ਕਾਰਜਕਾਰੀ ਇੰਜੀਨੀਅਰ, ਪ੍ਰਦੂਸਣ ਕੰਟਰੋਲਰ, ਬਠਿੰਡਾ ਦਿਵਾਲੀ ਤੋਂ ਸੱਤ ਦਿਨ ਪਹਿਲਾਂ ਅਤੇ ਸੱਤ ਦਿਨ ਬਾਅਦ ਤੱਕ ਪ੍ਰਦੂਸਣ ਦੀ ਨਿਗਰਾਨੀ ਕਰਨਗੇ।

ਇਹ ਹੁਕਮ ਅੱਜ ਮਿਤੀ 29.10.2018 ਨੂੰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਹੇਠ ਜਾਰੀ ਹੋਇਆ।

(ਸੁਖਪ੍ਰੀਤ ਸਿੰਘ ਸਿੱਧੂ, ਪੀ.ਸੀ.ਐਸ.)
ਵਧੀਕ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰਬਰ 97509-615 /ਐਮ.ਏ. ਮਿਤੀ[illegible]/10/2018

ਇਸ ਦਾ ਇੱਕ ਉਤਾਰਾ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ/ ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ, ਚੰਡੀਗੜ੍ਹ
2. ਕਮਿਸ਼ਨਰ, ਫਰੀਦਕੋਟ ਮੰਡਲ, ਫਰਦੀਕੋਟ/ ਡੀ.ਆਈ.ਜੀ (ਸੀ.ਆਈ.ਡੀ) ਪੰਜਾਬ, ਚੰਡੀਗੜ੍ਹ/ ਡੀ.ਆਈ.ਜੀ. ਪੁਲਿਸ ਰੇਂਜ, ਫਰੀਦਕੋਟ, ਬਠਿੰਡਾ
3. ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ/ ਫਿਰੋਜ਼ਪੁਰ/ ਲੁਧਿਆਣਾ/ ਜਲੰਧਰ/ ਅੰਮ੍ਰਿਤਸਰ/ ਬਰਨਾਲਾ/ ਕਪੂਰਥਲਾ/ ਹੁਸ਼ਿਆਰਪੁਰ/ ਪਟਿਆਲਾ/ ਮੁਕਤਸਰ/ ਮਾਨਸਾ/ ਮੋਗਾ/ ਨਵਾਂ ਸ਼ਹਿਰ/ ਫਤਿਹਗੜ੍ਹ ਸਾਹਿਬ/ ਸੰਗਰੂਰ/ ਗੁਰਦਾਸਪੁਰ/ ਮੁਹਾਲੀ/ ਰੂਪਨਗਰ/ ਤਰਨਤਾਰਨ/ ਪਠਾਨਕੋਟ/ਫਾਜ਼ਿਲਕਾ
4. ਸਟੇਸ਼ਨ ਹੈੱਡ-ਕੁਆਟਰ, ਮਿਲਟਰੀ ਸਟੇਸ਼ਨ, ਬਠਿੰਡਾ/ ਸਟੇਸ਼ਨ ਕਮਾਂਡਰ, ਏਅਰ ਫੋਰਸ ਸਟੇਸ਼ਨ, ਭਿਸੀਆਣਾ, ਜਿਲਾ ਬਠਿੰਡਾ
5. ਜਿਲ੍ਹਾ ਤੇ ਸ਼ੈਸਨ ਜੱਜ,ਬਠਿੰਡਾ,ਸੀਨੀਅਰ ਕਪਤਾਨ ਪੁਲਿਸ, ਬਠਿੰਡਾ (ਪੁਲਿਸ ਵਿਭਾਗ ਲਈ 30 ਕਾਪੀਆਂ ਨੱਥੀ ਹਨ) ਕਮਿਸ਼ਨਰ, ਨਗਰ ਨਿਗਮ, ਬਠਿੰਡਾ/ ਵਧੀਕ ਡਿਪਟੀ ਕਮਿਸ਼ਨਰ (ਜ), ਬਠਿੰਡਾ/ ਵਧੀਕ ਡਿਪਟੀ ਕਮਿਸ਼ਨਰ (ਵਿ),ਬਠਿੰਡਾ/ ਸਿਵਲ ਸਰਜਨ ਬਠਿੰਡਾ/ ਨਿਗਰਾਨ ਇੰਜੀਨੀਅਰ, ਵੰਡ ਹਲਕਾ (ਪੀ.ਐਸ.ਪੀ.ਸੀ.ਐਲ.),ਬਠਿੰਡਾ।
6. ਸਹਾਇਕ ਕਮਿਸ਼ਨਰ (ਜ), ਬਠਿੰਡਾ/ ਸਹਾਇਕ ਕਮਿਸ਼ਨਰ(ਸ਼ਿਕਾਇਤਾਂ),ਬਠਿੰਡਾ/ਵਧੀਕ ਮੁੱਖ ਪ੍ਰਸ਼ਾਸਕ (ਪੁੱਡਾ), ਬਠਿੰਡਾ/ ਮੁੱਖ ਪ੍ਰਸ਼ਾਸਕ ਬਠਿੰਡਾ ਵਿਕਾਸ ਅਥਾਰਟੀ, ਬਠਿੰਡਾ/ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ/
7. ਕਾਰਜਕਾਰੀ ਇੰਜੀਨੀਅਰ ਪੰਜਾਬ ਪ੍ਰਦੂਸਨ ਕੰਟਰੋਲ ਬੋਰਡ ਬਠਿੰਡਾ ਪਾਸ ਪਾਲਣਾ ਹਿੱਤ।
8. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ)/(ਐਲੀਮੈਂਟਰੀ) ਬਠਿੰਡਾ ਪਾਸ ਪਾਲਣਾ ਹਿੱਤ।
9. ਉਪ ਮੰਡਲ ਮੈਜਿਸਟਰੇਟ, ਬਠਿੰਡਾ/ ਰਾਮਪੁਰਾ ਫੂਲ/ ਤਲਵੰਡੀ ਸਾਬੋ/ਮੋੜ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਫਰੀਦਕੋਟ

ਪੱਤਰ ਨੰ. ਆਰ-1/1( ) 2018 ਮਿਤੀ 05/11/2018

ਉਪਰੋਕਤ ਪੱਤਰ ਦੇ ਹਵਾਲੇ (?) ਫਰੀਦਕੋਟ ਜ਼ਿਲ੍ਹੇ ਨਾਲ ਸਬੰਧਿਤ ਸੂਚਨਾ [illegible] ਨ/ਨਾਂਹ ਨਾਂਹ/ਨਿੱਲ ਤਿਆਰ ਕਰਕੇ ਪੱਤਰ ਦੀ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਜ਼ਿਲ੍ਹਾ ਸਿੱਖਿਆ ਅਫਸਰ,
(ਸੈ.ਸਿ) ਫਰੀਦਕੋਟ

5/11/18 05/11/2018